# ਦੱਖਣੀ ਏਸ਼ੀਆਈ ਕਹਾਣੀਆਂ ਦਾ ਸੰਗ੍ਰਹਿ





ਇਹਨਾਂ ਚੀਜ਼ਾਂ ਰਾਹੀਂ ਬੰਗਾਲੀ, ਭਾਰਤੀ ਅਤੇ ਪਾਕਿਸਤਾਨੀ ਸੱਭਿਆਚਾਰਕ ਵਿਰਾਸਤ ਦੇ ਸਥਾਨਕ ਭਾਈਚਾਰੇ ਦੇ ਸਹਿਯੋਗ ਨਾਲ ਨਿੱਜੀ ਪ੍ਰਤੀਬਿੰਬਾਂ, ਖੋਜਾਂ ਅਤੇ ਯਾਦਾਂ ਦੀ ਪੜਚੋਲ ਕਰੋ।



## ਪਾਣੀ ਪੀਣ ਵਾਲਾ ਫੁਹਾਰਾ

**ਗ੍ਰੈਂਡ ਗੈਲਰੀ (ਗ੍ਰੈਂਡ ਗੈਲਰੀ), ਪੱਧਰ 1**

ਇਸ ਢਾਲੇ ਗਏ ਲੋਹੇ ਦੇ ਪਾਣੀ ਪੀਣ ਵਾਲੇ ਫੁਹਾਰੇ ਨੂੰ 1880 ਦੇ ਦਹਾਕੇ ਵਿੱਚ ਵਾਲਟਰ ਮੈਕਫਾਰਲੇਨ ਦੇ ਗਲਾਸਗੋ ਵਿੱਚ ਬਣੀ ਸਾਰਸੇਨ ਫਾਊਂਡਰੀ ਦੁਆਰਾ ਬਣਾਇਆ ਗਿਆ ਸੀ। 1851 ਦੀ ਮਹਾਨ ਪ੍ਰਦਰਸ਼ਨੀ ਵਿੱਚ, ਭਾਰਤੀ ਪਵੇਲੀਅਨ ਬਹੁਤ ਮਸ਼ਹੂਰ ਰਿਹਾ ਸੀ, ਜਿਸ ਨੇ ਭਾਰਤੀ ਡਿਜ਼ਾਈਨਾਂ ਵਿੱਚ ਦਿਲਚਸਪੀ ਪੈਦਾ ਕੀਤੀ ਸੀ, ਜਿਸਦਾ ਬਾਅਦ ਦੇ ਦਹਾਕਿਆਂ ਵਿੱਚ ਬ੍ਰਿਟਿਸ਼ ਕਲਾ ਅਤੇ ਸੱਭਿਆਚਾਰ 'ਤੇ ਵੱਡਾ ਪ੍ਰਭਾਵ ਸੀ।

ਬਦਲੇ ਵਿੱਚ ਬ੍ਰਿਟਿਸ਼ ਕਲੋਨੀਆਂ ਨੇ ਰੇਲਵੇ, ਦੀਵਿਆਂ, ਫੁਹਾਰਿਆਂ ਲਈ ਢਾਲੇ ਗਏ ਲੋਹੇ ਦੇ ਟੁਕੜਿਆਂ ਦੀ ਵਰਤੋਂ ਕਰਨੀ ਸ਼ੁਰੂ ਕਰ ਦਿੱਤੀ। ਇਸ ਗੱਲ ਦੀ ਸੰਭਾਵਨਾ ਹੈ ਕਿ ਪਾਣੀ ਪੀਣ ਵਾਲੇ ਫੁਹਾਰੇ ਦਾ ਡਿਜ਼ਾਈਨ ਬ੍ਰਿਟਿਸ਼ ਕਲੋਨੀਆਂ ਵਿੱਚੋਂ ਕਿਸੇ ਇੱਕ ਦੇ ਸੱਭਿਆਚਾਰ ਤੋਂ ਪ੍ਰੇਰਿਤ ਸੀ, ਅਤੇ ਦੱਖਣੀ ਏਸ਼ੀਆ ਅਤੇ ਭਾਰਤੀ ਕਲਾਤਮਕ ਸ਼ੈਲੀਆਂ ਦਾ ਪ੍ਰਭਾਵ ਇਸਦੇ ਗੁੰਝਲਦਾਰ ਢੰਗ ਨਾਲ ਸਜਾਏ ਗਏ ਗੁੰਬਦ ਅਤੇ ਮਿਹਰਾਬਾਂ ਵਿੱਚ ਦੇਖਿਆ ਜਾ ਸਕਦਾ ਹੈ, ਜਿਵੇਂ ਕਿ ਫੁੱਲਾਂ, ਗ੍ਰਿਫਿਨ ਅਤੇ ਸਾਰਸ ਵਰਗੇ ਡਿਜ਼ਾਈਨ ਨਮੂਨਿਆਂ ਵਿੱਚ ਦੇਖਿਆ ਜਾ ਸਕਦਾ ਹੈ।

## ਸੁਰਮੇਦਾਨੀ

**ਜੀਵਨ ਜਿਉਣ ਦੇ ਢੰਗ (ਜੀਵਨ ਜਿਉਣ ਦੇ ਢੰਗ) ਗੈਲਰੀ, ਪੱਧਰ 1**


ਦੱਖਣੀ ਏਸ਼ੀਆਈ ਘਰਾਂ ਵਿੱਚ ਸੁਰਮੇਦਾਨੀਆਂ ਦਾ ਇੱਕ ਵਿਸ਼ੇਸ਼ ਸਥਾਨ ਹੈ - ਹਰ ਘਰ ਵਿੱਚ ਇਹ ਹੁੰਦੇ ਹਨ ਅਤੇ ਔਰਤਾਂ ਇਹਨਾਂ ਨੂੰ ਆਪਣੇ ਆਪ ਦਾ ਸ਼ਿੰਗਾਰ ਕਰਨ ਲਈ ਵਰਤਦੀਆਂ ਹਨ। ਇਸ ਸੁਰਮੇਦਾਨੀ 'ਤੇ ਬਣਿਆ ਗੁੰਝਲਦਾਰ ਡਿਜ਼ਾਈਨ ਉਸ ਰੁੱਖ ਦੀ ਯਾਦ ਦਿਵਾਉਂਦਾ ਹੈ ਜਿਸ ਦੀਆਂ ਜੜ੍ਹਾਂ ਮਜ਼ਬੂਤ ਹੁੰਦੀਆਂ ਹਨ, ਜੋ ਨਾਰੀਤਾ ਦਾ ਪ੍ਰਤੀਕ ਹੈ। ਅਤੀਤ ਵਿੱਚ, ਮੁਸਲਿਮ ਔਰਤਾਂ ਅਤੇ ਮਰਦਾਂ ਨੇ ਧੂੰਏਂ ਨਾਲ ਬਣਾਏ ਸੁਰਮੇ ਨੂੰ ਨਾ ਸਿਰਫ਼ ਸੁਰੱਖਿਆ ਅਤੇ ਧਾਰਮਿਕ ਉਦੇਸ਼ਾਂ ਲਈ, ਸਗੋਂ ਆਪਣੀਆਂ ਅੱਖਾਂ ਨੂੰ ਆਕਰਸ਼ਕ ਅਤੇ ਰਹੱਸਮਈ ਬਣਾਉਣ ਲਈ ਵੀ ਲਗਾਇਆ ਜਾਂਦਾ ਸੀ।

"ਜਦੋਂ ਅਸੀਂ ਆਪਣੀਆਂ ਦਾਦੀਆਂ ਅਤੇ ਮਾਵਾਂ ਨੂੰ ਘਰ ਵਿੱਚ ਸੁਰਮਾ ਬਣਾਉਂਦੇ ਦੇਖਿਆ ਤਾਂ ਇਹ ਇੱਕ ਪਰਿਵਾਰਕ ਮਾਮਲਾ ਸੀ। ਇਸ ਨੂੰ ਅੱਖਾਂ 'ਤੇ ਸਿਰਫ਼ ਉਂਗਲੀ ਜਾਂ ਪਤਲੀ ਲੱਕੜ ਦੀ ਸੂਈ ਦੀ ਵਰਤੋਂ ਕਰਕੇ ਲਗਾਇਆ ਜਾਂਦਾ ਸੀ। ਨਵ-ਜੰਮੇ ਬੱਚਿਆਂ, ਦੁਲਹਿਆਂ ਅਤੇ ਦੁਲਹਨਾਂ ਨੂੰ ਬੁਰੀ ਨਜ਼ਰ ਤੋਂ ਬਚਾਉਣ ਲਈ ਵਿਸ਼ੇਸ਼ ਤੌਰ 'ਤੇ ਸੁਰਮਾ ਲਗਾਇਆ ਜਾਂਦਾ ਸੀ।"



# ਸਿੰਧ, ਪਾਕਿਸਤਾਨ ਤੋਂ ਸਕਾਰਫ

### ਜੀਵਨ ਜਿਉਣ ਦੇ ਢੰਗ (ਜੀਵਨ ਜਿਉਣ ਦੇ ਢੰਗ) ਗੈਲਰੀ, ਪੱਧਰ 1



ਇਹ ਸਕਾਰਫ਼ ਸਿੰਧ, ਪਾਕਿਸਤਾਨ ਦੇ ਲੋਕਾਂ ਦੁਆਰਾ ਕੀਤਾ ਗਿਆ ਸ਼ੀਸ਼ੇ ਅਤੇ ਸੂਈ ਨਾਲ ਕੀਤੀ ਪੱਚੀਕਾਰੀ ਅਤੇ ਕਢਾਈ ਦਾ ਕੰਮ ਦਿਖਾਉਂਦਾ ਹੈ। ਇਹ ਭਾਰਤ ਦੇ ਪੱਛਮੀ ਹਿੱਸਿਆਂ, ਗੁਜਰਾਤ ਅਤੇ ਰਾਜਸਥਾਨ ਵਿੱਚ ਵੀ ਆਮ ਹੈ। ਧਿਆਨ ਨਾਲ ਕੱਟੇ ਹੋਏ ਕੱਪੜੇ ਦੇ ਟੁਕੜਿਆਂ ਨੂੰ ਬੁਨਿਆਦੀ ਕਪੜੇ 'ਤੇ ਜਿਓਮੈਟ੍ਰਿਕ ਤੌਰ 'ਤੇ ਵਿਵਸਥਿਤ ਪੈਟਰਨ ਵਿੱਚ ਸਿਲਾਈ ਕੀਤੀ ਜਾਂਦੀ ਹੈ, ਅਤੇ ਸ਼ੀਸ਼ੇ ਚਮਕਦਾਰ ਰੰਗ ਦਾ ਪ੍ਰਤੀਬਿੰਬ ਛੱਡਦੇ ਹਨ। ਸੱਭਿਆਚਾਰਕ ਤਿਉਹਾਰਾਂ ਦੌਰਾਨ ਅਜਿਹੇ ਗਹਿਣਿਆਂ ਨਾਲ ਕਢਾਈ ਵਾਲੀਆਂ ਵਾਲੇ ਪੁਸ਼ਾਕਾਂ ਦੀ ਵਰਤੋਂ ਕੀਤੀ ਜਾਂਦੀ ਹੈ। ਭਾਈਚਾਰੇ ਦੇ ਸਦੱਸਾ ਲਈ, ਸਕਾਰਫ਼ ਨੇ ਸਰਦੀਆਂ ਦੀ ਧੁੱਪ ਵਾਲੀ ਦੁਪਹਿਰ ਨੂੰ ਮੰਜੇ 'ਤੇ ਬੈਠ ਕੇ ਗੱਲਬਾਤ ਕਰਦਿਆਂ ਸੁੰਦਰ ਡਿਜਾਇਨਾਂ ਅਤੇ ਸ਼ੀਸ਼ਿਆਂ ਨਾਲ ਆਪਣੇ ਕੰਮ ਦੀ ਸਿਲਾਈ ਕਰਨ ਦੀਆਂ ਸੁੰਦਰ ਯਾਦਾਂ ਨੂੰ ਮੁੜ ਸੁਰਜੀਤ ਕਰਦਾ ਹੈ। "ਜਦੋਂ ਵੀ ਅਸੀਂ ਆਪਣੇ ਘਰ ਵਿੱਚ ਸਿੰਧ ਦੇ ਇਸ ਸੁੰਦਰ ਸਮਾਨ ਨੂੰ ਪ੍ਰਦਰਸ਼ਿਤ ਕਰਦੇ ਹਾਂ ਤਾਂ ਇਹ ਸਾਨੂੰ ਸਾਡੇ ਬਚਪਨ ਦੀਆਂ ਕਹਾਣੀਆਂ, ਸਾਡੇ ਸੱਭਿਆਚਾਰ ਅਤੇ ਸਾਡੇ ਘਰ ਵਿੱਚ ਵਾਪਸ ਲੈ ਜਾਂਦਾ ਹੈ।"



# ਪੈਸਲੇ ਸ਼ਾਲ: ਬੂਟੀਆਂ ਦਾ ਡਿਜ਼ਾਈਨ

### ਫੈਸ਼ਨ ਅਤੇ ਸ਼ੈਲੀ (ਫੈਸ਼ਨ ਅਤੇ ਸ਼ੈਲੀ) ਗੈਲਰੀ, ਪੱਧਰ 1

ਪੈਸਲੇ ਡਿਜ਼ਾਈਨ ਸਕਾਟਲੈਂਡ ਦੇ ਸਭ ਤੋਂ ਮਸ਼ਹੂਰ ਟੈਕਸਟਾਈਲ ਪੈਟਰਨਾਂ ਵਿੱਚੋਂ ਇੱਕ ਹੈ। ਪਰ ਦੱਖਣੀ ਏਸ਼ੀਆਈਆਂ ਲਈ ਇਸਨੂੰ ਨਿਮਰ ਬੂਟੀ ਡਿਜ਼ਾਇਨ ਵਜੋਂ ਜਾਣਿਆ ਜਾਂਦਾ ਹੈ - ਬੁਨਕਰਾਂ ਦਾ ਸਭ ਤੋਂ ਮਸ਼ਹੂਰ ਡਿਜ਼ਾਇਨ, ਜਿਸਦਾ ਮੂਲ ਕਸ਼ਮੀਰ ਦੀਆਂ ਘਾਟੀਆਂ ਵਿੱਚ ਹੈ। ਮੰਨਿਆ ਜਾਂਦਾ ਹੈ ਕਿ ਇਹ ਜੀਵਨ ਅਤੇ ਉਪਜਾਊ ਸ਼ਕਤੀ ਨੂੰ ਦਰਸਾਉਣ ਵਾਲੇ ਇੱਕ ਪ੍ਰਾਚੀਨ ਜੋਰੋਸਟ੍ਰੀਅਨ (ਇਰਾਨੀ) ਡਿਜ਼ਾਈਨ ਤੋਂ ਪ੍ਰੇਰਿਤ ਸੀ। "ਅਸੀਂ ਆਪਣੇ ਕੱਪੜਿਆਂ, ਸ਼ਾਲਾਂ, ਦੁਲਹਨ ਦੇ ਕੱਪੜਿਆਂ, ਗਹਿਣਿਆਂ ਅਤੇ ਮਹਿੰਦੀ ਦੇ ਟੈਟੂ ਨੂੰ ਸਜਾਉਣ ਵਾਲੇ ਇਸ ਡਿਜ਼ਾਈਨ ਨਾਲ ਹੀ ਵੱਡੇ ਹੋਏ ਹਾਂ।" ਬ੍ਰਿਟਿਸ਼ ਨਿਰਮਾਤਾਵਾਂ ਨੇ 19ਵੀਂ ਸਦੀ ਵਿੱਚ ਇਸ ਡਿਜ਼ਾਈਨ ਨੂੰ ਦੁਹਰਾਉਣ ਦੀ ਕੋਸ਼ਿਸ਼ ਕੀਤੀ। ਵਿਲੀਅਮ ਮੂਰਕ੍ਰਾਫਟ, ਇੱਕ ਅੰਗਰੇਜ਼ ਵਪਾਰੀ, ਨੇ ਬਰਤਾਨੀਆ ਵਿੱਚ ਨਕਲ ਵਾਲੀਆਂ ਸਸਤੀਆਂ ਸ਼ਾਲਾਂ ਦੇ ਨਿਰਮਾਣ ਵਿੱਚ ਮਦਦ ਲਈ ਕਸ਼ਮੀਰ ਤੋਂ ਮੁਹਾਰਤ ਲਿਆਂਦੀ, ਜਿਸ ਵਿੱਚ ਪੈਸਲੇ ਦੀਆਂ ਫੈਕਟਰੀਆਂ ਵੀ ਸ਼ਾਮਲ ਸਨ। ਇਸ ਡਿਜ਼ਾਇਨ ਨੇ ਦੁਨੀਆ ਭਰ ਵਿੱਚ ਪ੍ਰਸਿੱਧੀ ਪ੍ਰਾਪਤ ਕੀਤੀ ਅਤੇ 'ਪੈਸਲੇ' ਨੂੰ ਮਸ਼ਹੂਰ ਬਣਾ ਦਿੱਤਾ, ਪਰ ਅੱਜ ਇਸ ਡਿਜ਼ਾਈਨ ਦੀ ਸ਼ੁਰੂਆਤ ਅਤੇ ਇਸ ਦੇ ਹੁਨਰਮੰਦ ਕਾਰੀਗਰਾਂ ਦੇ ਯੋਗਦਾਨ ਨੂੰ ਬਿਹਤਰ ਢੰਗ ਨਾਲ ਸਵੀਕਾਰ ਕੀਤਾ ਜਾਣਾ ਚਾਹੀਦਾ ਹੈ।

# ਰਾਕਸ਼ਸ ਰਾਜੇ ਰਾਵਣ ਦਾ ਮੁਖੌਟਾ

### ਪ੍ਰਦਰਸ਼ਨ ਅਤੇ ਜੀਵਨ (ਪ੍ਰਦਰਸ਼ਨ ਅਤੇ ਜੀਵਨ) ਗੈਲਰੀ, ਪੱਧਰ 3



ਦਸ-ਸਿਰਾਂ ਵਾਲੇ ਰਾਕਸ਼ਸ ਰਾਜੇ ਰਾਵਣ ਦਾ ਇਹ ਸ਼ਾਨਦਾਰ ਮਾਸਕ ਨਵਰਾਤਰੀ ਦੇ ਤਿਉਹਾਰ ਨਾਲ ਜੁੜਿਆ ਹੋਇਆ ਹੈ, ਜੋ ਅਕਤੂਬਰ ਅਤੇ ਨਵੰਬਰ ਦੇ ਮਹੀਨਿਆਂ ਦੌਰਾਨ ਨੌਂ ਦਿਨਾਂ ਤੱਕ ਮਨਾਇਆ ਜਾਂਦਾ ਹੈ। ਇਹ ਤਿਉਹਾਰ ਵਿਦਵਾਨ ਪਰ ਦੁਸ਼ਟ ਰਾਕਸ਼ਸ ਰਾਜੇ ਰਾਵਣ ਉੱਤੇ ਵਨਵਾਵਨਵਾਸ ਕੱਟ ਰਹੇ ਭਗਵਾਨ ਰਾਮ ਦੀ ਜਿੱਤ ਦਾ ਜਸ਼ਨ ਮਨਾਉਂਦਾ ਹੈ ਜਿਸਨੇ ਉਨ੍ਹਾਂ ਦੀ ਪਤਨੀ ਸੀਤਾ ਨੂੰ ਅਗਵਾ ਕਰ ਲਿਆ ਸੀ। ਉਸਦੇ ਦਸ ਸਿਰ ਉਸਦੀ ਬੁੱਧੀ ਨੂੰ ਦਰਸਾਉਂਦੇ ਹਨ। ਭਾਈਚਾਰੇ ਦੇ ਇੱਕ ਨੌਜਵਾਨ ਮੈਂਬਰ ਨੇ ਟਿੱਪਣੀ ਕੀਤੀ: "ਅੰਤ ਵਿੱਚ ਬੁਰਾ ਵਿਅਕਤੀ (ਰਾਵਣ) ਮਾਰਿਆ ਜਾਂਦਾ ਹੈ ਅਤੇ ਪਿੰਡ ਦੇ ਲੋਕ ਭਗਵਾਨ ਰਾਮ ਅਤੇ ਸੀਤਾ ਨੂੰ ਸੁਰੱਖਿਅਤ ਘਰ ਵਾਪਸ ਜਾਣ ਵਿੱਚ ਮਦਦ ਕਰਨ ਲਈ ਤੇਲ ਦੇ ਦੀਵਿਆਂ ਨੂੰ ਜਗਾ ਕੇ ਕੇ ਰਸਤੇ ਵਿੱਚ ਰੋਸ਼ਨੀ ਕਰਦੇ ਹਨ। ਪ੍" ਇਹੀ ਕਾਰਨ ਹੈ ਕਿ ਭਾਰਤ ਅਤੇ ਦੱਖਣੀ ਏਸ਼ੀਆ ਵਿੱਚ ਲੋਕ ਨਵਰਾਤਰੀ ਦੇ ਅੰਤ ਵਿੱਚ ਦੀਵਾਲੀ, ਰੋਸ਼ਨੀ ਦਾ ਤਿਉਹਾਰ ਮਨਾਉਂਦੇ ਹਨ।


# ਘੁੰਘਰੂ

## ਪ੍ਰਦਰਸ਼ਨ ਅਤੇ ਜੀਵਨ (ਪ੍ਰਦਰਸ਼ਨ ਅਤੇ ਜੀਵਨ) ਗੈਲਰੀ, ਪੱਧਰ 3



ਦੱਖਣੀ ਏਸ਼ੀਆਈ ਔਰਤਾਂ ਨੇ ਸਦੀਆਂ ਤੋਂ ਘੁੰਗਰੂ(ਘੁੰਘਰੂ ਲੱਗੀਆ ਪਾਇਲਾਂ) ਪਹਿਨਿਆਂ ਹਨ, ਜੋ ਉਨ੍ਹਾਂ ਨੂੰ ਦੱਖਣੀ ਏਸ਼ੀਆਈ ਸੱਭਿਆਚਾਰ ਦਾ ਅਨਿੱਖੜਵਾਂ ਅੰਗ ਬਣਾਉਂਦਾ ਹੈ। ਗੂੰਜਦੀ 'ਛੱਮ ਛੱਮ' ਦੀ ਆਵਾਜ਼ ਇਹ ਯਾਦ ਦਿਵਾਉਂਦੀ ਸੀ ਕਿ ਘਰ ਵਿੱਚ ਇੱਕ ਔਰਤ ਸੀ। ਇਹ ਪਤਨੀਆਂ ਲਈ ਆਪਣੇ ਪਤੀਆਂ ਨੂੰ ਆਕਰਸ਼ਿਤ ਕਰਨ ਦਾ ਵੀ ਇੱਕ ਤਰੀਕਾ ਸੀ।

ਘੁੰਗਰੂਆਂ ਨੂੰ ਹਰ ਭਾਰਤੀ ਸ਼ਾਸ਼ਤਰੀਯ ਡਾਂਸਰ ਲਈ ਪਵਿੱਤਰ ਮੰਨਿਆ ਜਾਂਦਾ ਹੈ, ਜੋ ਪ੍ਰਦਰਸ਼ਨ ਲਈ ਉਹਨਾਂ ਨੂੰ ਆਪਣੀਆਂ ਲੱਤਾਂ ਨਾਲ ਬੰਨ੍ਹਣ ਤੋਂ ਪਹਿਲਾਂ ਉਹਨਾਂ ਦੀ ਪੂਜਾ ਕਰਦੇ ਹਨ। ਇੱਕ ਬੱਚਾ ਜਾਂ ਇੱਕ ਨਵਾਂ ਡਾਂਸਰ 50 ਘੁੰਘਰੂਆਂ ਨਾਲ ਸ਼ੁਰੂ ਹੋ ਸਕਦਾ ਹੈ ਅਤੇ ਹੌਲੀ-ਹੌਲੀ ਜਿਵੇਂ-ਜਿਵੇਂ ਉਹ ਪਰਿਪੱਕ ਹੁੰਦਾ ਹੈ ਅਤੇ ਆਪਣੀ ਯੋਗਤਾ ਵਿੱਚ ਤਰੱਕੀ ਕਰਦਾ ਹੈ, ਇਨ੍ਹਾਂ ਦਾ ਸੰਖਿਆ ਵਧਾਉਂਦਾ ਜਾਂਦਾ ਹੈ। ਚਾਂਦੀ ਦੀ ਪਾਇਲ, ਇਹਨਾਂ ਪਾਇਲਾਂ ਦਾ ਇੱਕ ਸੁੰਦਰ ਰੂਪ, ਇੱਕ ਦੁਲਹੇ ਦੁਆਰਾ ਉਸਦੀ ਦੁਲਹਨ ਨੂੰ ਮਿਲਾਪ ਅਤੇ ਪਿਆਰ ਦੇ ਪ੍ਰਤੀਕ ਵਜੋਂ ਤੋਹਫ਼ੇ ਵਿੱਚ ਦਿੱਤਾ ਜਾਂਦਾ ਹੈ।



# ਮਹਾਰਾਜਾ ਦਲੀਪ ਸਿੰਘ ਦੇ ਗਹਿਣੇ



## ਕਲਾਤਮਕ ਵਿਰਾਸਤ (ਕਲਾਤਮਕ ਵਿਰਾਸਤ) ਗੈਲਰੀ, ਪੱਧਰ 5

ਇਹ ਗਹਿਣੇ ਇਕ ਸਮੇਂ ਮਹਾਰਾਜਾ ਦਲੀਪ ਸਿੰਘ ਦਾ ਦੇ ਸਨ। ਜੋ 1843 ਵਿਚ ਪੰਜ ਸਾਲ ਦੀ ਉਮਰ ਵਿਚ ਸਿੱਖ ਸਾਮਰਾਜ ਦੇ ਆਖਰੀ ਸ਼ਾਸਕ ਬਣੇ ਸਨ। ਉਨ੍ਹਾਂ ਨੂੰ ਦੁਰਲੱਭ ਹੀਰਿਆਂ ਅਤੇ ਪੰਨਿਆਂ ਦੇ ਹਾਰ, ਬਰੇਸਲੇਟ, ਮੁੰਦਰਾ, ਮੁੰਦਰੀਆਂ ਅਤੇ ਟਾਇਰਾਸ ਦਾ ਇੱਕ ਵੱਡਾ ਨਿੱਜੀ ਸੰਗ੍ਰਹਿ ਵਿਰਾਸਤ ਵਿੱਚ ਮਿਲਿਆ ਸੀ। ਇਹ ਗਹਿਣੇ ਸਾਰੇ ਭਾਰਤੀਆਂ ਲਈ ਵਿਸ਼ੇਸ਼ ਮਹੱਤਵ ਰੱਖਦੇ ਹਨ, ਜੋ ਉਨ੍ਹਾਂ ਨੂੰ ਬਣਾਉਣ ਵਾਲੇ ਕਾਰੀਗਰਾਂ ਦੇ ਅਦੁੱਤੀ ਹੁਨਰ ਨੂੰ ਦਰਸਾਉਂਦਾ ਹੈ, ਪਰ ਇਹ ਬ੍ਰਿਟਿਸ਼ ਸ਼ਾਸਨ ਅਤੇ ਭਾਰਤ ਦੇ ਬਸਤੀਵਾਦ, ਅਤੇ ਉਨ੍ਹਾਂ ਨਾਲ ਆਏ ਯੁੱਧਾਂ, ਦੁੱਖਾਂ ਅਤੇ ਸ਼ੋਸ਼ਣ ਦੀ ਯਾਦ ਦਿਵਾਉਂਦੇ ਹਨ। ਦਲੀਪ ਸਿੰਘ ਨੂੰ ਉਨ੍ਹਾਂ ਦੀ ਮਾਂ ਤੋਂ ਖੋਹ ਲਿਆ ਗਿਆ ਸੀ ਅਤੇ ਉਨ੍ਹਾਂ ਨੂੰ 16 ਸਾਲ ਦੀ ਉਮਰ ਵਿੱਚ ਬ੍ਰੀਟਿਸ਼ ਰਾਜ ਦੀ ਸਰਪ੍ਰਸਤੀ ਹੇਠ ਬਰਤਾਨੀਆ ਲਿਆਂਦਾ ਗਿਆ, ਜਿਸ ਨੇ ਉਨ੍ਹਾਂ ਦੀ ਸਿੱਖ ਅਤੇ ਭਾਰਤੀ ਪਛਾਣ ਨੂੰ ਖੋਹ ਲਿਆ।

# ਯਮਰਾਜ ਦਾ ਪੋਸਟਰ - ਪਾਪੀਆਂ ਨੂੰ ਸਜ਼ਾ ਦੇਣ ਵਾਲਾ

## ਕੁਦਰਤ ਦੁਆਰਾ ਪ੍ਰੇਰਿਤ (ਕੁਦਰਤ ਦੁਆਰਾ ਪ੍ਰੇਰਿਤ) ਗੈਲਰੀ, ਪੱਧਰ 5

19ਵੀਂ ਸਦੀ ਦਾ ਯਮਰਾਜ ਦਾ ਪੋਸਟਰ, ਜਿਸ ਦਾ ਬੰਗਾਲੀ ਵਿੱਚ ਸਿਰਲੇਖ ਮੌਤ ਦਾ ਹਿੰਦੂ ਦੇਵਤਾ ਹੈ, ਜਿਸਦਾ ਅਨੁਵਾਦ ਪਾਪੀਆਂ ਨੂੰ ਸਜ਼ਾ ਦੇਣ ਵਾਲਾ, ਜਾਂ, ਯਮਪੁਰੀ ਵਿੱਚ, ਭਾਵ ਮੌਤ ਦੇ ਮਹਿਲ ਵਿੱਚ ਹੈ।

ਪੋਸਟਰ ਨਰਕ ਵਿੱਚ ਮਰੇ ਵਿਅਕਤੀ ਦੀ ਆਤਮਾ ਦੀ ਦੁਰਦਸ਼ਾ ਨੂੰ ਦਰਸਾਉਂਦਾ ਹੈ ਅਤੇ ਕੇਂਦਰੀ ਪੈਨਲ ਤੇ ਯਮ (ਯਮਰਾਜ) ਇੱਕ ਰਿਸ਼ੀ ਜਾਂ ਸੰਤ ਦੇ ਰੂਪ ਵਿੱਚ, ਉਸਦੇ ਸਿੰਘਾਸਣ ਉੱਤੇ ਨਿਰਣਾ ਲੈਣ ਲਈ ਬੈਠਾ ਹੈ। ਦੂਜੇ ਪੈਨਲ ਦਿਖਾਉਂਦੇ ਹਨ ਕਿ ਪਾਪੀਆਂ ਨੂੰ ਉਨ੍ਹਾਂ ਦੁਆਰਾ ਕੀਤੇ ਪਾਪਾਂ ਦੇ ਅਨੁਸਾਰ ਸਜ਼ਾ ਕਿਵੇਂ ਦਿੱਤੀ ਜਾਵੇਗੀ। ਪਾਪੀਆਂ ਨੂੰ ਉਨ੍ਹਾਂ ਦੇ ਕਰਮਾਂ ਅਨੁਸਾਰ ਪੁਨਰ ਜਨਮ ਲੈਣ ਲਈ ਢੁਕਵੀਂ ਸਜ਼ਾ ਵਿੱਚੋਂ ਲੰਘਣ ਦੀ ਲੋੜ ਹੁੰਦੀ ਹੈ। ਪੁਨਰ ਜਨਮ ਵਿੱਚ ਵਿਸ਼ਵਾਸ ਹਿੰਦੂਆਂ, ਜੈਨੀਆਂ ਅਤੇ ਬੋਧੀਆਂ ਦੁਆਰਾ ਸਾਂਝਾ ਕੀਤਾ ਜਾਂਦਾ ਹੈ।

ਇੱਕ ਯੂਰੋਪੀਅਨ ਦਰਸ਼ਕਾਂ ਲਈ, ਯਮ ਪੋਸਟਰ ਔਲਡ ਟੈਸਟਾਮੈਂਟ ਵਿੱਚ ਨਰਕ ਅਤੇ ਪੁਰਗੇਟਰੀ ਦੇਵਰਣਨ ਦੀ ਯਾਦ ਦਵਾਉਂਦਾ ਹੈ।



# ਹਿੰਦੂ ਦੇਵੀ ਦੁਰਗਾ

### ਮੂਰਤੀ ਵਿੱਚ ਪਰੰਪਰਾਵਾਂ
### (ਮੂਰਤੀ ਵਿੱਚ ਪਰੰਪਰਾਵਾਂ) ਗੈਲਰੀ, ਪੱਧਰ 5

ਮਾਂ (ਦੇਵੀ) ਦੁਰਗਾ ਦੀ ਇਹ ਸ਼ਾਨਦਾਰ ਕਾਂਸੀ ਦੀ ਮੂਰਤੀ ਮੱਝ ਰੂਪ ਧਾਰਨ ਕੀਤੇ ਰਾਕਸ਼ਸ ਮਹਿਸ਼ਾਸੁਰ ਨੂੰ ਮਾਰਦੀ ਦਿਖਾਈ ਦਿੰਦੀ ਹੈ। ਸੰਸਕ੍ਰਿਤ ਵਿੱਚ, ਦੁਰਗਾ ਦਾ ਅਰਥ ਹੈ ਪਹੁੰਚ ਤੋਂ ਬਾਹਰ ਜਾਂ ਦੁਰਗਮ। ਸ਼ਿਵ, ਹਿੰਦੂ ਧਰਮ ਵਿੱਚ ਇੱਕ ਪ੍ਰਮੁੱਖ ਦੇਵਤਾ, ਦਾ ਦੂਜਾ ਅੱਧ, ਦੇਵੀ ਨਾ ਸਿਰਫ਼ ਤਿੰਨ ਦੇਵੀ ਲਕਸ਼ਮੀ, ਕਾਲੀ ਅਤੇ ਸਰਸਵਤੀ ਦੀਆਂ ਸੰਯੁਕਤ ਸ਼ਕਤੀਆਂ ਨੂੰ ਦਰਸਾਉਂਦੀ ਹੈ, ਸਗੋਂ ਦਿਵਯ ਸ਼ਕਤੀ ਦੀ ਵੀ ਨੁਮਾਇੰਦਗੀ ਕਰਦੀ ਹੈ।



ਨਾਰੀ ਊਰਜਾ ਨੂੰ ਸ਼ਕਤੀ ਵਜੋਂ ਜਾਣਿਆ ਜਾਂਦਾ ਹੈ, ਜਿਸਦੀ ਵਰਤੋਂ ਉਹ ਬੁਰਾਈ ਅਤੇ ਦੁਸ਼ਟਤਾ ਦੀਆਂ ਨਕਾਰਾਤਮਕ ਸ਼ਕਤੀਆਂ ਦੇ ਵਿਰੁੱਧ ਕਰਦੀ ਹੈ।

ਦੁਰਗਾ ਦਾ ਤਿਉਹਾਰ, ਜਿਸ ਨੂੰ ਦੁਸਹਿਰਾ ਕਿਹਾ ਜਾਂਦਾ ਹੈ, ਹਿੰਦੂਆਂ ਦੁਆਰਾ, ਜਿੱਥੇ ਵੀ ਉਹ ਰਹਿੰਦੇ ਹਨ, ਮਨਾਇਆ ਜਾਂਦਾ ਹੈ। ਦੇਵਤਾ ਦੀਆਂ ਵੱਡੀਆਂ ਮਨਮੋਹਕ ਮੂਰਤੀਆਂ ਮਾਹਰ ਸ਼ਿਲਪਕਾਰਾਂ ਦੁਆਰਾ ਉੱਕੇਰੀਆਂ ਅਤੇ ਪੇਂਟ ਕੀਤੀਆਂ ਗਈਆਂ ਹਨ, ਜਿਸ ਵਿੱਚ ਦਿਖਾਇਆ ਗਿਆ ਹੈ ਕਿ ਉਹ ਆਪਣੇ ਸ਼ੇਰ ਦੀ ਸਵਾਰੀ ਕਰਦੇ ਹੋਏ, ਰਾਕਸ਼ਸ ਨੂੰ ਮਾਰਨ ਲਈ ਲੰਬੇ ਬਰਛੇ ਨੂੰ ਫੜੇ ਹੋਈ ਹੈ।


# ਸੁਰਸੁੰਦਰੀ ਪੱਥਰ ਦੀ ਮੂਰਤੀ

### ਮੂਰਤੀ ਵਿੱਚ ਪਰੰਪਰਾਵਾਂ (ਮੂਰਤੀ ਵਿੱਚ ਪਰੰਪਰਾਵਾਂ) ਗੈਲਰੀ, ਪੱਧਰ 5

ਇਸ ਪੱਥਰ ਤੇ ਇੱਕ ਸੁਰਸੁੰਦਰੀ - ਇੱਕ ਸੁੰਦਰ ਆਤਮਾ ਜਿਸ ਨੂੰ ਯਕਸ਼ੀਨੀ ਕਿਹਾ ਜਾਂਦਾ ਹੈ, ਉੱਕੇਰੀ ਹੈ - ਜੋ ਮੱਧ ਪ੍ਰਦੇਸ਼, ਮੱਧ ਭਾਰਤ ਵਿੱਚ ਖਜੂਰਾਹੋ ਦੇ ਮੰਦਰ ਤੋਂ ਹੈ। ਇਹ ਵਿਸ਼ਵਾਸ ਕੀਤਾ ਜਾਂਦਾ ਹੈ ਕਿ ਜੋ ਲੋਕ ਇਹਨਾਂ ਆਤਮਾਵਾਂ ਨੂੰ ਪ੍ਰਾਰਥਨਾ ਕਰਦੇ ਹਨ ਉਹਨਾਂ ਨੂੰ ਅਸ਼ੀਰਵਾਦ ਜਾਂ ਇਨਾਮ ਮਿਲਦਾ ਹੈ, ਉਦਾਹਰਣ ਵਜੋਂ ਵਪਾਰ, ਖੇਤੀਬਾੜੀ ਜਾਂ ਪ੍ਰੇਮ-ਜੀਵਨ ਵਿੱਚ ਚੰਗੀ ਕਿਸਮਤ।

ਭਾਰਤ ਵਿੱਚ ਪੱਥਰ ਦੀ ਨੱਕਾਸ਼ੀ ਦੀ ਪਰੰਪਰਾ ਦੁਨੀਆ ਦੇ ਸਭ ਤੋਂ ਸਮਰੁੱਧ ਪਰੰਪਰਾਵਾਂ ਵਿੱਚੋਂ ਇੱਕ ਹੈ, ਜਿਸ ਵਿੱਚ ਹੁਨਰ ਪਿਤਾ ਤੋਂ ਪੁੱਤਰ ਨੂੰ ਵਿਰਾਸਤ ਵਿੱਚ ਪ੍ਰਾਪਤ ਹੋਏ।

ਖਜੂਰਾਹੋ ਦੇ ਮੰਦਰਾਂ ‘ਤੇ ਨੱਕਾਸ਼ੀ ਸਿਹਤ ਅਤੇ ਤੰਦਰੁਸਤੀ ਬਾਰੇ ਪ੍ਰਾਚੀਨ ਸੰਸਕ੍ਰਿਤ ਗ੍ਰੰਥ, ਕਾਮਸੂਤਰ ਤੋਂ ਪ੍ਰਭਾਵਿਤ ਸੀ। ਕੇਵਲ ਦਸ ਪ੍ਰਤੀਸ਼ਤ ਨੱਕਾਸ਼ੀ ਕੁਦਰਤ ਵਿੱਚ ਕਾਮੁਕ ਹੈ, ਅਤੇ ਬਾਕੀ ਰੋਜ਼ਾਨਾ ਦੀਆਂ ਗਤੀਵਿਧੀਆਂ ਨੂੰ ਦਰਸਾਉਂਦੀਆਂ ਹਨ ਜਾਂ ਗ੍ਰੰਥ ਵਿੱਚ ਵਰਣਨ ਕੀਤੇ ਅਨੁਸਾਰ ਸਿਹਤਮੰਦ ਜੀਵਨ ਬਾਰੇ ਸਿਖਾਉਂਦੀਆਂ ਹਨ।





**ਇਸ ਸੰਗ੍ਰਿਹ ਨੂੰ ਨੈਸ਼ਨਲ ਮਿਊਜ਼ੀਅਮ ਸਕਾਟਲੈਂਡ ਦੇ ਸਟਾਫ਼ ਅਤੇ ਨੈਨਸੀ ਮੈਸੀ ਚੈਰੀਟੇਬਲ ਟਰੱਸਟ ਦੇ ਸਹਿਯੋਗ ਨਾਲ ਸਾਊਥ ਏਸ਼ੀਅਨ ਕਮਿਊਨਿਟੀ ਸੰਗਠਨ ਨੈੱਟਵਰਕਿੰਗ ਕੀ ਸਰਵਿਸਿਜ਼ (NKS) ਦੇ ਮੈਂਬਰਾਂ ਦੁਆਰਾ ਤਿਆਰ ਕੀਤਾ ਅਤੇ ਲਿਖਿਆ ਗਿਆ ਹੈ।**